## ਮਰੀਜ਼ ਲਈ ਜਾਣਕਾਰੀ ਤੱਥ

# ਐਟਰੀਅਲ ਫ਼ਿਬਰੀਲੇਸ਼ਨ (Atrial-Punjabi)

**ਐਟਰੀਅਲ ਫ਼ਿਬਰੀਲੇਸ਼ਨ ਦਿਲ ਦੀ ਅਜਿਹੀ ਸਥਿਤੀ ਹੁੰਦੀ ਹੈ ਜਿਸ ਕਾਰਨ ਅਨਿਯਮਿਤ ਅਤੇ ਅਕਸਰ ਅਸਧਾਰਨ ਰੂਪ ਨਾਲ ਦਿਲ ਦੀ ਧੜਕਨ ਦੀ ਦਰ ਤੇਜ਼ ਹੋ ਸਕਦੀ ਹੈ।**

ਇੱਕ ਸਧਾਰਨ ਦਿਲ ਦੀ ਧੜਕਨ ਦੀ ਦਰ ਨਿਯਮਿਤ ਅਤੇ ਤੁਹਾਡੀ ਆਰਾਮ ਦੀ ਸਥਿਤੀ ਵਿੱਚ ਪ੍ਰਤੀ ਮਿੰਟ 60 ਅਤੇ 100 ਦੇ ਵਿੱਚ  ਹੋਣੀ ਚਾਹੀਦੀ ਹੈ। ਤੁਸੀਂ ਆਪਣੀ ਦਿਲ ਦੀ ਧੜਕਨ ਦੀ ਦਰ ਨੂੰ ਆਪਣੀ ਗਰਦਨ ਜਾਂ ਕਲਾਈ ਤੇ ਨਬਜ਼ ਦੁਆਰਾ ਮਾਪ ਸਕਦੇ ਹੋ।

ਐਟਰੀਅਲ ਫ਼ਿਬਰੀਲੇਸ਼ਨ ਵਿੱਚ ਦਿਲ ਦੀ ਧੜਕਨ ਦੀ ਦਰ ਅਸਧਾਰਨ ਅਤੇ ਕਦੇ-ਕਦੇ ਬਹੁਤ ਤੇਜ਼ ਹੋ ਸਕਦੀ ਹੈ। ਕੁੱਝ ਮਾਮਲਿਆਂ ਵਿੱਚ ਇਹ ਇੱਕ ਮਿੰਟ ਵਿੱਚ 100 ਧੜਕਨ ਦੀ ਤੁਲਣਾ ਵਿੱਚ ਬਹੁਤ ਜਿਆਦਾ ਹੋ ਸਕਦੀ ਹੈ। ਇਸ ਦੇ ਕਾਰਨ ਚੱਕਰ ਆਉਣਾ, ਸਾਹ ਲੈਣ ਵਿੱਚ ਤਕਲੀਫ਼ ਅਤੇ ਥਕਾਨ ਜਿਹੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਤੁਹਾਨੂੰ ਧਿਆਨ ਦੇਣ ਯੋਗ ਦਿਲ ਦੀ ਧੜਕਨ ਦੀ ਜਾਣਕਾਰੀ ਹੋ ਸਕਦੀ ਹੈ, ਜਦੋਂ ਅਕਸਰ ਕੁੱਝ ਸਕਿੰਟ ਜਾਂ ਕੁੱਝ ਮਾਮਲਿਆਂ ਵਿੱਚ ਕੁੱਝ ਮਿੰਟਾਂ, ਤੱਕ ਤੁਹਾਡੇ ਦਿਲ ਨੂੰ ਮਹਿਸੂਸ ਹੁੰਦਾ ਹੈ ਕਿ ਇਹ ਤੇਜ਼, ਧੜਕਦਾ ਹੈ ਜਾਂ ਅਨਿਯਮਿਤ ਧੜਕਦਾ ਹੈ।

ਕਦੇ-ਕਦੇ, ਐਟਰੀਅਲ ਫ਼ਿਬਰੀਲੇਸ਼ਨ ਦੇ ਕਾਰਨ ਕੋਈ ਲੱਛਣ ਨਹੀਂ ਹੁੰਦੇ ਅਤੇ ਇਸ ਨਾਲ ਪੀੜਤ ਵਿਅਕਤੀ ਨੂੰ ਕੋਈ ਜਾਣਕਾਰੀ ਨਹੀਂ ਹੁੰਦੀ ਹੈ ਕਿ  ਉਨ੍ਹਾਂ ਦੇ ਦਿਲ ਦੀ ਧੜਕਨ ਦੀ ਦਰ ਨਿਯਮਿਤ ਨਹੀਂ ਹੈ। ਜਦੋਂ ਦਿਲ ਸਧਾਰਨ ਦਰ ਨਾਲ ਧੜਕਦਾ ਹੈ ਇਸ ਦੀਆਂ ਮਾਂਸਪੇਸ਼ੀ ਕੰਧ ਖ਼ੂਨ ਨੂੰ ਬਾਹਰ ਭੇਜਣ ਅਤੇ ਸਾਰੇ ਸਰੀਰ ਵਿੱਚ ਪ੍ਰਵਾਹ ਕਰਨ ਦੇ ਲਈ ਸੁੰਗੜਦੀਆਂ (ਕਸਾਅ ਅਤੇ ਨਿਚੋੜਨਾ) ਹਨ। ਫਿਰ ਉਹ ਢਿੱਲੀਆਂ ਹੋ ਜਾਂਦੀਆਂ ਹਨ ਤਾਂਕਿ ਦਿਲ ਵਿੱਚ ਦੋਬਾਰਾ ਖ਼ੂਨ ਭਰ ਜਾਵੇ। ਇਹ ਪ੍ਰਕਿਰਿਆ ਹਰ ਵਾਰ ਦੋਹਰਾਈ ਜਾਂਦੀ ਹੈ ਜਦੋਂ ਵੀ ਦਿਲ ਧੜਕਦਾ ਹੈ।

ਐਟਰੀਅਲ ਫ਼ਿਬਰੀਲੇਸ਼ਨ ਵਿੱਚ ਦਿਲ ਦੇ ਉੱਪਰੀ ਚੈਂਬਰਾਂ (ਆਰਟ੍ਰਿਆ) ਵਿੱਚ ਬੇਤਰਤੀਬ ਅਤੇ ਕਦੇ-ਕਦੇ ਇੰਨੀ ਤੇਜ਼ੀ ਨਾਲ ਸੁੰਗੜਦਾ ਹੈ ਕਿ ਦਿਲ ਦੀ ਮਾਂਸਪੇਸ਼ੀ ਸੁੰਗੜਨ ਵਿੱਚ ਸਹੀ ਢੰਗ ਨਾਲ ਢਿੱਲੀ ਨਹੀਂ ਹੀ ਪਾਉਂਦੀ ਹੈ। ਇਹ ਦਿਲ ਦੀ ਕੁਸ਼ਲਤਾ ਅਤੇ ਕਾਰਜ ਸਮਰੱਥਾ ਨੂੰ ਪ੍ਰਭਾਵਿਤ ਕਰਦਾ ਹੈ।

### ਲੱਛਣ

ਐਟਰੀਅਲ ਫ਼ਿਬਰੀਲੇਸ਼ਨ ਦਾ ਸੱਭ ਤੋਂ ਆਮ ਲੱਛਣ ਦਿਲ ਦੀ ਧੜਕਨ ਹੁੰਦੀ ਹੈ – ਜਦੋਂ ਅਕਸਰ ਕੁੱਝ ਸਕਿੰਟ ਜਾਂ ਕੁੱਝ ਮਾਮਲਿਆਂ ਵਿੱਚ ਕੁੱਝ ਮਿੰਟਾਂ, ਤੱਕ ਤੁਹਾਡੇ ਦਿਲ ਨੂੰ ਮਹਿਸੂਸ ਹੁੰਦਾ ਹੈ ਕਿ ਇਹ ਤੇਜ਼, ਧੜਕਦਾ ਹੈ ਜਾਂ ਅਨਿਯਮਿਤ ਧੜਕਦਾ ਹੈ।ਇਸਦੇ ਨਾਲ ਹੀ ਅਨਿਯਮਿਤ ਦਿਲ ਦੀ ਧੜਕਨ, ਤੁਹਾਡਾ ਤੇਜ਼ੀ ਨਾਲ ਧੜਕਨ ਲੱਗਦਾ ਹੈ (ਅਕਸਰ ਇੱਕ ਮਿੰਟ ਵਿੱਚ 100 ਧੜਕਨ ਦੀ ਤੁਲਣਾ ਵਿੱਚ ਵੱਧ)।

ਜੇਕਰ ਤੁਹਾਨੂੰ ਐਟਰੀਅਲ ਫ਼ਿਬਰੀਲੇਸ਼ਨ ਹੈ ਤਾਂ ਹੋਰ ਲੱਛਣ ਅਨੁਭਵ ਹੋ ਸਕਦੇ ਹਨ, ਇਨ੍ਹਾਂ ਵਿੱਚ ਸ਼ਾਮਲ ਹਨ:

- ਥਕਾਣ ਅਤੇ ਕਸਰਤ ਕਰਨ ਵਿੱਚ ਘੱਟ ਸਮਰੱਥਾ
- ਸਾਹ ਫੁੱਲਣਾ

- ਬੇਹੋਸ਼ੀ ਜਾਂ ਸਿਰ ਵਿੱਚ ਹਲਕਾਪਣ ਮਹਿਸੂਸ ਕਰਨਾ
- ਛਾਤੀ ਵਿੱਚ ਦਰਦ

ਐਟਰੀਅਲ ਫ਼ਿਬਰੀਲੇਸ਼ਨ ਵਿੱਚ ਦਿਲ ਦੇ ਧੜਕਨ ਦਾ ਢੰਗ ਦਿਲ ਦੀ ਕੁਸ਼ਲਤਾ ਅਤੇ ਕਾਰਜ ਸਮਰੱਥਾ ਵਿੱਚ ਕਮੀ ਕਰਦਾ ਹੈ। ਇਸ ਨਾਲ ਘੱਟ ਬਲੱਡ ਪ੍ਰੈਸ਼ਰ (ਹਾਈਪਰਟੈਨਸ਼ਨ) ਅਤੇ ਦਿਲ ਦਾ ਦੌਰਾ ਪੈ ਸਕਦਾ ਹੈ।

## ਕਾਰਨ

ਐਟਰੀਅਲ ਫ਼ਿਬਰੀਲੇਸ਼ਨ ਉਸ ਵੇਲੇ ਹੁੰਦਾ ਹੈ ਜਦੋਂ ਅਸਧਾਰਨ ਇਲੈਕਟ੍ਰੀਕਲ ਤਰੰਗ ਅਚਾਨਕ ਐਟ੍ਰਿਆਂ ਨਾਲ ਟਕਰਾਉਣਾ ਸ਼ੁਰੂ ਕਰਦੀ ਹੈ। ਇਹ ਤਰੰਗ ਦਿਲ ਦੇ ਕੁਦਰਤੀ ਪੇਸਮੇਕਰ ਤੇ ਹਾਵੀ ਹੋ ਜਾਂਦੀ ਹੈ ਜੋ ਇਸ ਤੋਂ ਬਾਅਦ ਦਿਲ ਦੀ ਤਾਲ ਨੂੰ ਕਾਬੂ ਨਹੀਂ ਕਰ ਪਾਉਂਦਾ। ਇਸ ਤੋਂ ਬਾਅਦ ਤੁਹਾਡੀ ਨਬਜ਼ ਦੀ ਦਰ ਤੇਜ਼ ਹੋ ਜਾਂਦੀ ਹੈ।

ਇਸ ਦੇ ਕਾਰਨ ਪੂਰੀ ਤਰ੍ਹਾਂ ਸਮਝੇ ਨਹੀਂ ਜਾ ਸਕੇ ਹਨ, ਪਰ ਨਿਸ਼ਚਤ ਸਮੂਹਾਂ ਦੇ ਲੋਕਾਂ ਵਿੱਚ(ਹੇਠਾਂ ਦੇਖੋ) ਇਸ ਦੇ ਪੈਦਾ ਹੋਣ ਦਾ ਰੁਝਾਨ ਹੈ ਅਤੇ ਵੱਖ- ਵੱਖ ਸਥਿਤੀਆਂ ਵਿੱਚ ਪ੍ਰੇਰਿਤ ਹੋ ਸਕਦੇ ਹਨ ਜਿਵੇਂ ਕੀ ਬਹੁਤ ਜ਼ਿਆਦਾ ਸ਼ਰਾਬ ਪੀਣਾ ਜਾਂ ਸਿਗਰਟ ਪੀਣਾ।

ਦਿਲ ਦੀਆਂ ਹੋਰ ਬਿਮਾਰੀਆਂ ਨਾਲ ਪੀੜਤ ਲੋਕਾਂ ਵਿੱਚ ਐਟਰੀਅਲ ਫ਼ਿਬਰੀਲੇਸ਼ਨ ਬਹੁਤ ਆਮ ਹੈ, ਜਿਵੇਂ ਕਿ:

- ਹਾਈ ਬਲੱਡ ਪ੍ਰੈਸ਼ਰ (ਹਾਈਪਰਟੈਨਸ਼ਨ)
- ਐਥੀਰੋਸਕਲੇਰੋਸਿਸ (ਇੱਕ ਅਜਿਹੀ ਸਥਿਤੀ ਜਿਸ ਵਿੱਚ ਧਮਣੀ ਫ਼ੈਟ ਪਦਾਰਥ ਨਾਲ ਬਲੌਕ ਹੋ ਜਾਂਦੀ ਹੈ ਜਿਸ ਨੂੰ ਪਲੇਕ ਜਾਂ ਅਥੇਰੋਮਾ ਦੇ ਤੌਰ ਤੇ ਜਾਣਿਆ ਜਾਂਦਾ ਹੈ)
- ਦਿਲ ਦੇ ਵਾਲਵ ਦੀ ਬਿਮਾਰੀ
- ਦਿਲ ਦੀ ਜਨਮਜਾਤ ਬਿਮਾਰੀ (ਇਹ ਜਨਮ ਨਾਲ ਸਬੰਧਤ ਵਿਕਾਰਾਂ ਲਈ ਇੱਕ ਆਮ ਸ਼ਬਦ ਹੈ ਜੋ ਦਿਲ ਦੀ ਆਮ ਕਾਰਜਪ੍ਰਣਾਲੀ ਨੂੰ ਪ੍ਰਭਾਵਿਤ ਕਰਦੀ ਹੈ)
- ਕਾਰਡੀਓਮਾਈਪੈਥੀ (ਇਹ ਦਿਲ ਦੀ ਮਾਂਸਪੇਸ਼ੀ ਨਾਲ ਸਬੰਧਤ ਬਿਮਾਰੀ ਲਈ ਇੱਕ ਆਮ ਸ਼ਬਦ ਹੈ)
- ਪੇਰੀਕਾਰਡੀਟਿਸ (ਪੇਰੀਕਾਰਡੀਟਿਸ ਦੀ ਸੁਜਨ, ਜੋ ਤੁਹਾਡੇ ਦਿਲ ਦੇ ਚਾਰੇ ਪਾਸੇ ਅਤੇ ਤਰਲ ਨਾਲ ਭਰੀ ਥੈਲੀ ਹੁੰਦੀ ਹੈ)

ਇਹ ਹੋਰ ਡਾਕਟਰੀ ਸਥਿਤੀਆਂ ਤੋਂ ਵੀ ਹੁੰਦਾ ਹੈ:

- ਜਿਆਦਾ ਸਰਗਰਮ ਥਾਇਰਾਇਡ ਗ੍ਰੰਥੀ
- ਨਿਮੋਨੀਆ
- ਦਮਾ
- ਕ੍ਰੋਨਿਕ ਔਬਸਟ੍ਰੱਕਟਿਵ ਪਲਮਨਰੀ ਬਿਮਾਰੀ (COPD)
- ਫੇਫੜਿਆਂ ਦਾ ਕੈਂਸਰ
- ਸ਼ੱਕਰ ਰੋਗ
- ਪਲਮਨਰੀ ਐਮਬੋਲਿਸਮ
- ਕਾਰਬਨ ਮੋਨੋਆਕਸਾਈਡ ਜ਼ਹਿਰ

## ਇਲਾਜ

ਐਟਰੀਅਲ ਫ਼ਿਬਰੀਲੇਸ਼ਨ ਦੇ ਇਲਾਜ ਵਿੱਚ ਦਿਲ ਦੀ ਧੜਕਣ ਦੀ ਦਰ ਨੂੰ ਕਾਬੂ ਕਰਨ ਵਾਲੀ ਦਵਾਈਆਂ ਅਤੇ ਸਟ੍ਰੋਕ ਦੇ ਖਤਰੇ ਨੂੰ ਘੱਟ ਕਰਨ ਲਈ ਅਤੇ ਦਿਲ ਦੀ ਧੜਕਣ ਨੂੰ ਬਹਾਲ ਕਰਨ ਲਈ ਕਾਰਡੀਓਵਰਜਨ ਜਿਹੀ ਪ੍ਰਕਿਰਿਆਵਾਂ ਵੀ ਸ਼ਾਮਲ ਹਨ।

ਤੁਹਾਡੇ ਕੋਲ ਇੱਕ ਇਲਾਜ ਯੋਜਨਾ ਹੋਵੇਗੀ ਅਤੇ ਤੁਹਾਡੇ ਲਈ ਸਹੀ ਅਤੇ ਉਚਿਤ ਇਲਾਜ ਦਾ ਫੈਸਲਾ ਕਰਨ ਲਈ ਤੁਹਾਡੀ ਹੈਲਥਕੇਅਰ ਟੀਮ ਦੇ ਨਾਲ ਮਿਲ ਕੇ ਕੰਮ ਕਰਨਾ ਹੋਵੇਗਾ। ਉਹ ਕਾਰਕ ਜਿਨ੍ਹਾਂ ਨੂੰ ਧਿਆਨ ਵਿੱਚ ਰੱਖਣਾ ਹੋਵੇਗਾ:

- ਤੁਹਾਡੀ ਉਮਰ
- ਤੁਹਾਡੀ ਸਮੁੱਚੀ ਸਿਹਤ
- ਤੁਹਾਡੀ ਐਟਰੀਅਲ ਫ਼ਿਬਰੀਲੇਸ਼ਨ ਦੀ ਕਿਸਮ
- ਤੁਹਾਡੇ ਲੱਛਣ
- ਕੀ ਕਾਰਨ ਹਨ, ਜਿਨ੍ਹਾਂ ਦਾ ਇਲਾਜ ਕਰਨ ਦੀ ਲੋੜ ਹੈ

## ਐਟਰੀਅਲ ਫ਼ਿਬਰੀਲੇਸ਼ਨ ਨੂੰ ਕਾਬੂ ਕਰਨ ਲਈ ਦਵਾਈਆਂ

ਐਂਟੀ-ਏਰਦੀਮਿਕਸ ਦਵਾਈਆਂ ਹੇਠ ਦਿੱਤੇ ਦੁਆਰਾ ਐਟਰੀਅਲ ਫ਼ਿਬਰੀਲੇਸ਼ਨ ਨੂੰ ਕਾਬੂ ਕਰ ਸਕਦੀਆਂ ਹਨ:

- ਇੱਕ ਆਮ ਦਿਲ ਤਾਲ ਸਥਾਪਤ ਕਰਨ ਲਈ
- ਦਰ ਜਿਸ ਤੇ ਦਿਲ ਧੜਕਦਾ ਹੈ

ਐਂਟੀ-ਐਰਡੀਮਿਕਸ ਦਵਾਈਆਂ ਦੀ ਚੋਣ ਐਟਰੀਅਲ ਫ਼ਿਬਰੀਲੇਸ਼ਨ ਦੀ ਕਿਸਮ, ਤੁਹਾਡੀ ਕੋਈ ਹੋਰ ਚਿਕਤਸਾ ਸਥਿਤੀਆਂ, ਚੁਣੀ ਹੋਈ ਦਵਾਈ ਦੇ ਮਾੜੇ ਅਸਰ ਅਤੇ ਐਟਰੀਅਲ ਫ਼ਿਬਰੀਲੇਸ਼ਨ ਦੀ ਚੰਗੀ ਤਰ੍ਹਾਂ ਪ੍ਰਤੀਕਿਰਿਆ ਕਰਨ ਤੇ ਨਿਰਭਰ ਕਰਦਾ ਹੈ।

ਐਟਰੀਅਲ ਫ਼ਿਬਰੀਲੇਸ਼ਨ ਨਾਲ ਪੀੜਤ ਕੁੱਝ ਲੋਕਾਂ ਨੂੰ ਇਸ ਤੇ ਕਾਬੂ ਪਾਉਣ ਲਈ ਐਂਟੀ-ਐਰਡੀਮਿਕਸ ਦਵਾਈਆਂ ਦੀ ਲੋੜ ਹੋ ਸਕਦੀ ਹੈ।

## ਜੇਕਰ ਚਿੰਤਤ ਹੋ ਤਾਂ ਕਿਸ ਨਾਲ ਨਾਲ ਸੰਪਰਕ ਕਰੋ

ਜੇਕਰ ਤੁਸੀਂ ਲੱਛਣਾਂ ਬਾਰੇ ਚਿੰਤਤ ਹੋ ਤਾਂ ਤੁਹਾਨੂੰ ਆਪਣੇ GP ਨਾਲ ਸੰਪਕਰ ਕਰਨਾ ਚਾਹੀਦਾ ਹੈ ਜਾਂ ਸਲਾਹ ਲਈ 111 ਤੇ ਫੋਨ ਕਰੋ।

## ਉਪਯੋਗੀ ਲਿੰਕ

NHS ਵਿਕਲਪ **www.nhs.uk/conditions/atrial-fibrillation/Pages/Introduction.aspx**

### ਆਪਣੀ ਗੱਲ ਯਾਦ ਰੱਖੋ

ਜੇਕਰ ਤੁਸੀਂ ਜਾਣ ਤੋਂ ਪਹਿਲਾਂ ਇੱਕ ਫੀਡਬੈਕ ਕਾਰਡ ਪੂਰਾ ਕਰਦੇ ਹੋ ਤਾਂ ਅਸੀਂ ਤੁਹਾਡੇ ਧੰਨਵਾਦੀ ਹੋਵਾਂਗੇ। ਤੁਸੀਂ ਜਾਂ ਤੁਹਾਡੇ ਪਰਿਵਰ ਦੇ ਕਿਸੇ ਵੀ ਜੀਅ ਨੂੰ ਹਸਪਤਾਲ ਵਿੱਚ ਪ੍ਰਾਪਤ ਇਲਾਜ ਦੇ ਬਾਰੇ ਆਪਣੀ ਗੱਲ ਰੱਖਣ ਅਤੇ ਮਰੀਜਾਂ ਨੂੰ ਦਿੱਤੀਆਂ ਜਾਣ ਵਾਲੀ ਸਾਡੀਆਂ ਸੇਵਾਂਵਾਂ ਵਿੱਚ ਸੁਧਾਰ ਕਰਨ ਵਿੱਚ ਮਦਦ ਲਈ ਤੁਹਾਡੇ ਕੋਲ ਇਹ ਇੱਕ ਮੌਕਾ ਹੈ।

University Hospital Southampton NHS Foundation
Trust Southampton General Hospital
Tremona
Road
Southampto
n SO16 6YD
ਮੇਨ ਸਵਿੱਚਬੋਰਡ: **023 8077 7222**

ਸ਼

ਇਸ ਫੈਕਟਸ਼ੀਟ ਵਿੱਚ ਦਿੱਤੀ ਗਈ ਜਾਣਕਾਰੀ NHS ਵਿਕਲਪਾਂ www.nhs.uk ਤੋਂ ਲਈ ਗਈ ਹੈ

**ਜੇਕਰ ਤੁਹਾਨੂੰ ਇਸ ਦਸਤਾਵੇਜ਼ ਦਾ ਅਨੁਵਾਦ, ਇੱਕ ਦੁਭਾਸ਼ੀਆ ਜਾਂ ਵੱਡੇ ਅੱਖਰਾਂ, ਬ੍ਰੇਲ ਜਾਂ ਔਡੀਓਟੇਪ ਵਿੱਚ ਸੰਸਕਰਣ ਚਾਹੀਦਾ ਹੈ, ਤਾਂ ਕਿਰਪਾ ਕਰਕੇ ਸਹਾਇਤਾ ਲਈ 023 8120 4688 ਤੇ ਟੈਲੀਫੋਨ ਕਰੋ।**

**Version 1. Reviewed February 2019. Due for review February 2022. 1351**